# ਪ੍ਰੈਸ ਨੋਟ

ਮਾਨਯੋਗ ਸ੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ ਅਤੇ ਮਾਨਯੋਗ ਸ੍ਰੀ ਰਣਜੀਤ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਬ ਡਵੀਜਨ ਦਸੂਹਾ ਜੀ ਦੀ ਰਹਿਨੁਮਾਈ ਹੇਠ ਮੁੱਖ ਅਫਸਰ ਥਾਣਾ ਦਸੂਹਾ ਇੰਸਪੈਕਟਰ ਬਿਕਰਮਜੀਤ ਸਿੰਘ ਵੱਲੋ ਮਿਤੀ 16-5-22 ਨੂੰ ਪਿੰਡ ਤਿਹਾੜਾ ਅਹਾਤਾ ਵਿਖੇ ਹੋਏ ਕੁਲਵੀਰ ਸਿੰਘ ਉਰਫ ਸੋਢੀ ਪੁੱਤਰ ਪਿਆਰਾ ਸਿੰਘ ਵਾਸੀ ਨੇਕਨਾਮਾ ਥਾਣਾ ਦਸੂਹਾ ਜਿਲਾ ਹੁਸ਼ਿਆਰਪੁਰ ਦੇ ਕਤਲ ਅਤੇ ਨਰੇਸ਼ ਕੁਮਾਰ ਉਰਫ ਰਿੰਕੂ ਪੁੱਤਰ ਜੀਤ ਰਾਮ ਵਾਸੀ ਚੱਕਵੱਲ੍ਹਾਂ ਦੀ ਕੁੱਟਮਾਰ ਸਬੰਧੀ ਦਰਜ ਹੋਏ ਮੁੱਕਦਮਾ ਨੰ 79 ਮਿਤੀ 17-5-22 ਅ.ਧ 302,427,323,148,149 ਆਈ.ਪੀ.ਸੀ ਥਾਣਾ ਦਸੂਹਾ ਵਿੱਚ ਦੋਸੀ ਕੁਲਵਿੰਦਰ ਸਿੰਘ ਉਰਫ ਕਿੰਦੂ ਪੁੱਤਰ ਸ਼ੌਕੀਨ ਸਿੰਘ ਵਾਸੀ ਤਿਹਾੜਾ ਥਾਣਾ ਦਸੂਹਾ ਜਿਲਾ ਹੁਸ਼ਿਆਰਪੁਰ ਨੂੰ ਮਿਤੀ 18-5-22 ਨੂੰ ਗ੍ਰਿਫਤਾਰ ਕਰਕੇ ਦੋਸ਼ੀ ਕੁਲਵਿੰਦਰ ਸਿੰਘ ਪਾਸੋ ਵਾਰਦਾਤ ਵਿੱਚ ਵਰਤਿਆ ਗਿਆ ਦਾਤਰ ਬ੍ਰਾਮਦ ਕੀਤਾ ਗਿਆ ਹੈ।ਵਜ੍ਹਾ ਰੰਜਿਸ਼ ਕਤਲ ਇਹ ਹੈ ਕਿ ਕੁਲਵਿੰਦਰ ਸਿੰਘ ਉਰਫ ਕਿੰਦੂ ਦੀ ਪਤਨੀ ਗੁਰਜੀਤ ਕੌਰ ਮ੍ਰਿਤਕ ਕੁਲਵੀਰ ਸਿੰਘ ਉਰਫ ਸੋਢੀ ਦੇ ਘਰ ਕੰਮ ਕਾਰ ਤੇ ਬੱਚੇ ਦੀ ਸਾਭ ਸੰਭਾਲ ਕਰਦੀ ਸੀ ਜੋ ਕੁਲਵਿੰਦਰ ਸਿੰਘ ਕਿੰਦੂ ਆਪਣੀ ਪਤਨੀ ਤੇ ਕੁਲਵੀਰ ਸਿੰਘ ਉਰਫ ਸੋਢੀ ਨਾਲ ਸਬੰਧ ਹੋਣ ਦਾ ਸ਼ੱਕ ਸੀ ਜਿਸਤੇ ਕੁਲਵਿੰਦਰ ਸਿੰਘ @ ਕਿੰਦੂ ਨੇ ਕੁਲਵੀਰ ਸਿੰਘ ਉਰਫ ਸੋਢੀ ਨੂੰ ਰੰਜਿਸ਼ ਰੱਖ ਕੇ ਆਪਣੇ ਸਾਥੀਆ ਨਾਲ ਰਲ ਕੇ ਕਤਲ ਕਰ ਦਿੱਤਾ।ਜੋ ਦੋਰਾਨੇ ਤਫਤੀਸ਼ ਮੁੱਕਦਮਾ ਵਿੱਚ ਨਾਮਜੱਦ ਹੋਏ ਦੋਸ਼ੀਆਨ ਸਰਬਜੀਤ ਸਿੰਘ ਉਰਫ ਸਾਬੀ ਪੁੱਤਰ ਸੁਰਿੰਦਰ ਸਿੰਘ ਵਾਸੀ ਰਘੋਵਾਲ ਥਾਣਾ ਦਸੂਹਾ , ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਕਰਨੈਲ ਸਿੰਘ ਵਾਸੀ ਜਖਰਾਵਲ ਥਾਣਾ ਹਾਜੀਪੁਰ ਅਤੇ ਰਮਨਦੀਪ ਸਿੰਘ ਉਰਫ ਬੱਲਾਂ ਪੁੱਤਰ ਪ੍ਰੀਤਮ ਸਿੰਘ ਵਾਸੀ ਘਾਗੋਵਾਲ ਪੱਤੀ ਰਹਿਸ਼ੋਵਾਲ ਛੰਨੀਆ ਥਾਣਾ ਦਸੂਹਾ ਨੂੰ ਮਿਤੀ 22-5-2022 ਨੂੰ ਗ੍ਰਿਫਤਾਰ ਕਰਕੇ ਸਫਲਤਾ ਹਾਸਲ ਕੀਤੀ ਤੇ ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ । ਜਿਹਨਾਂ ਦੀ ਡੂਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।